StartingBlocks.gov.au

# ਆਪਣੇ ਛੋਟੇ ਬਾਲ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਦੀ ਚੋਣ ਕਰਨਾ

ਕਿਸੇ ਬੱਚੇ ਦਾ 90% ਦਿਮਾਗ ਉਸਦੇ 5 ਸਾਲ ਦਾ ਹੋਣ ਤੱਕ ਵਿਕਸਿਤ ਹੋ ਜਾਂਦਾ ਹੈ, ਜਿਸ ਕਰਕੇ ਸ਼ੁਰੂਆਤੀ ਸਾਲਾਂ ਵਿੱਚ ਉਹਨਾਂ ਵੱਲੋਂ ਜੋ ਕੁਝ ਅਨੁਭਵ ਕੀਤਾ ਜਾਂਦਾ ਹੈ, ਉਹ ਖਾਸ ਕਰਕੇ ਅਹਿਮ ਹੋ ਜਾਂਦਾ ਹੈ। ਹਾਲਾਂਕਿ ਮਨੁੱਖ ਸਮੁੱਚੇ ਜੀਵਨ ਦੌਰਾਨ ਸਿੱਖਦੇ ਅਤੇ ਬਦਲਦੇ ਰਹਿੰਦੇ ਹਨ, ਕਿਸੇ ਬੱਚੇ ਦੇ ਸ਼ੁਰੂਆਤੀ ਅਨੁਭਵ ਉਸਦੇ ਬਾਕੀ ਬਚੇ ਜੀਵਨ ਵਾਸਤੇ ਉਸਦੇ ਵਿਕਾਸ, ਸਿੱਖਣ, ਅਤੇ ਤੰਦਰੁਸਤੀ ਦਾ ਆਧਾਰ ਬਣਦੇ ਹਨ।

ਜੇ ਤੁਸੀਂ ਕੋਈ ਘਰੇ ਰਹਿਣ ਵਾਲੇ ਮਾਪੇ ਹੋ, ਤਾਂ ਆਪਣੇ ਬੱਚੇ ਦੇ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਬਹੁਤ ਕੁਝ ਹੈ, ਜੋ ਤੁਸੀਂ ਘਰ ਵਿਖੇ ਕਰ ਸਕਦੇ ਹੋ, ਅਤੇ ਜੇ ਤੁਸੀਂ ਕਿਸੇ ਬਾਲ ਸੰਭਾਲ ਸੇਵਾ ਦੀ ਤਲਾਸ਼ ਕਰ ਰਹੇ ਹੋ ਤਾਂ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਨ ਲਈ ਜਾਣਕਾਰੀ ਉਪਲਬਧ ਹੈ ਕਿ ਕਿਹੜੀ ਸੇਵਾ ਤੁਹਾਡੇ ਛੋਟੇ ਬਾਲ ਵਾਸਤੇ ਸਭ ਤੋਂ ਵਧੀਆ ਰਹੇਗੀ।

ਆਪਣੇ ਛੋਟੇ ਬਾਲ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਸੇਵਾ ਦੀ ਪਛਾਣ ਅਤੇ ਚੋਣ ਕਰਨ ਵਿੱਚ ਮਦਦ ਲਈ ਏਥੇ ਜਾਣਕਾਰੀ ਦਿੱਤੀ ਜਾ ਰਹੀ ਹੈ।

## ਰਿਸ਼ਤੇ ਅਤੇ ਅੰਤਰਕਿਰਿਆਵਾਂ

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ ਸਿੱਖਿਅਕਾਂ ਦਾ ਤੁਹਾਡੇ ਨਾਲ ਭਾਈਵਾਲੀ ਵਿੱਚ ਕੰਮ ਕਰਨਾ ਅਤੇ ਤੁਹਾਡੇ ਛੋਟੇ ਬਾਲ ਦੀਆਂ ਲੋੜਾਂ, ਨਿੱਤਨੇਮਾਂ ਅਤੇ ਅਨੁਭਵਾਂ ਬਾਰੇ ਜਾਣਕਾਰੀ ਦੇ ਨਿਰੰਤਰ ਵਟਾਂਦਰੇ ਨਾਲ ਤੁਹਾਡੇ ਬੱਚੇ ਨੂੰ ਜਾਣਨਾ ਸ਼ਾਮਲ ਹੁੰਦਾ ਹੈ।

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ:

- ਦੇਖਭਾਲ ਜਾਣੇ-ਪਛਾਣੇ ਸਿੱਖਿਅਕਾਂ ਵੱਲੋਂ ਪ੍ਰਦਾਨ ਕਰਵਾਈ ਜਾਂਦੀ ਹੈ ਜੋ ਤੁਹਾਡੇ ਛੋਟੇ ਬਾਲ ਨੂੰ ਜਾਣ ਜਾਂਦੇ ਹਨ
- ਛੋਟੇ ਬਾਲਾਂ ਅਤੇ ਸਿੱਖਿਅਕਾਂ ਵਿਚਕਾਰ ਸਾਂਝੀਆਂ ਇਕੱਲੇ-ਨਾਲ-ਇਕੱਲੇ ਦੀਆਂ ਅੰਤਰਕਿਰਿਆਵਾਂ ਵਾਸਤੇ ਮੌਕੇ ਮੌਜੂਦ ਹੁੰਦੇ ਹਨ, ਜਿਨ੍ਹਾਂ ਵਿੱਚ ਇਹ ਵੀ ਸ਼ਾਮਲ ਹਨ:

- ਪਕੜਨਾ, ਗੱਲਬਾਤ ਕਰਨਾ, ਦੇਖਣਾ ਅਤੇ ਮੁਸਕਰਾਉਣਾ ਜਾਂ ਕਿਤਾਬਾਂ ਅਤੇ ਖੇਡ ਸਮੱਗਰੀਆਂ ਨੂੰ ਸਾਂਝਾ ਕਰਨਾ
- ਸਮਾਜਕ ਅਨੁਭਵਾਂ ਵਿੱਚ ਆਹਰੇ ਲੱਗਣਾ ਜਿਵੇਂ ਕਿ ਗੀਤ, ਤੁਕਾਂਤਕ ਕਵਿਤਾਵਾਂ, ਫਿੰਗਰ ਪਲੇਅ ਅਤੇ ਲੁਕਣਮੀਟੀ ਦੀਆਂ ਖੇਡਾਂ
- ਸ਼ਾਂਤਕਾਰੀ ਅਤੇ ਢਾਰਸ ਦੇਣ ਵਾਲਾ ਸਰੀਰਕ ਸੰਪਰਕ ਜਿਵੇਂ ਕਿ ਬੋਤਲ ਨਾਲ ਦੁੱਧ ਪਿਆਉਂਦੇ ਸਮੇਂ ਲਾਡ ਕੀਤਾ ਜਾਣਾ ਅਤੇ ਚੁੱਕ ਕੇ ਰੱਖਣਾ

- ਰੋਂਦੇ ਜਾਂ ਕਸ਼ਟ-ਗ੍ਰਸਤ ਛੋਟੇ ਬਾਲਾਂ ਨੂੰ ਚੁੱਪ ਕਰਾਉਣ ਲਈ ਢਾਰਸ ਦੇਣ ਵਾਲੇ ਤਰੀਕਿਆਂ ਨਾਲ ਚੁੱਕਿਆ ਜਾਂਦਾ ਹੈ ਅਤੇ ਉਹਨਾਂ ਨਾਲ ਗੱਲ ਕੀਤੀ ਜਾਂਦੀ ਹੈ
- ਛੋਟੇ ਬਾਲਾਂ ਨਾਲ ਗੱਲ ਕਰਨ ਅਤੇ ਦੁੱਧ ਚੁੰਘਦੇ ਬਾਲਾਂ ਨਾਲ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ, ਸਿੱਖਿਅਕ ਸੰਭਾਲ ਦੇ ਨਿੱਤਨੇਮਾਂ ਵਿਚਲੇ ਮੌਕਿਆਂ ਦਾ ਲਾਹਾ ਲੈਂਦੇ ਹਨ, ਜਿਵੇਂ ਕਿ ਕੱਛੀ ਬਦਲਣ ਦੌਰਾਨ ਜਾਂ ਖਾਣੇ ਦੇ ਸਮਿਆਂ ਦੌਰਾਨ।

## ਅਨੁਭਵ

ਖੇਡਣਾ ਅਤੇ ਪੜਚੋਲ ਕਰਨਾ ਬੱਚਿਆਂ ਦੇ ਸਿੱਖਣ ਅਤੇ ਵਿਕਾਸ ਕਰਨ ਵਾਸਤੇ ਸ਼ਾਨਦਾਰ ਤਰੀਕੇ ਹਨ।

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ, ਤੁਹਾਡੇ ਬੱਚੇ:

- ਨੂੰ ਪਹੁੰਚ ਕਰਨ ਅਤੇ ਪਕੜਨ ਵਰਗੀਆਂ ਮੁਹਾਰਤਾਂ ਦੀ ਵਰਤੋਂ ਕਰਨ ਦੇ ਮੌਕੇ ਦਿੱਤੇ ਜਾਣਗੇ
- ਨੂੰ ਭੌਤਿਕ ਵਾਤਾਵਰਨ ਦੀ ਪੜਚੋਲ ਕਰਨ ਦੇ ਮੌਕੇ ਦਿੱਤੇ ਜਾਣਗੇ ਤਾਂ ਜੋ ਰੀਂਗਣ ਅਤੇ ਖੜ੍ਹੇ ਹੋਣ ਲਈ ਖਿੱਚਣ ਵਰਗੀਆਂ ਮੁਹਾਰਤਾਂ ਵਿਕਸਿਤ ਕੀਤੀਆਂ ਜਾ ਸਕਣ
- ਨੂੰ ਸਿੱਖਿਅਕਾਂ ਵੱਲੋਂ ਹੁੰਗਾਰਾ ਦਿੱਤਾ ਜਾਵੇਗਾ ਜਦ ਉਹ ਆਵਾਜ਼ਾਂ ਕੱਢਦੇ ਹਨ ਅਤੇ ਸੰਚਾਰ ਕਰਨ ਦੀ ਕੋਸ਼ਿਸ਼ ਕਰਦੇ ਹਨ
- ਆਪਣੀਆਂ ਪੰਜ ਗਿਆਨ-ਇੰਦਰੀਆਂ, ਜਿਵੇਂ ਕਿ ਛੂਹਣਾ, ਮਹਿਸੂਸ ਕਰਨਾ, ਸੁੰਘਣਾ, ਸੁਣਨਾ, ਸਵਾਦ ਚੱਖਣਾ ਅਤੇ ਦੇਖਣ, ਦੀ ਪੜਚੋਲ ਕਰਨ ਅਤੇ ਇਹਨਾਂ ਨੂੰ ਵਿਕਸਿਤ ਕਰਨ ਲਈ ਸੰਵੇਦੀ ਅਨੁਭਵ ਦਿੱਤੇ ਜਾਣਗੇ
- ਨੂੰ ਆਪਣੇ ਵਿਅਕਤੀਗਤ ਵਿਕਾਸ ਅਤੇ ਸਿੱਖਿਆ ਨੂੰ ਤੂਲ ਦੇਣ ਲਈ ਕੁਦਰਤੀ ਸਮੱਗਰੀਆਂ ਅਤੇ ਆਪ-ਮੁਹਾਰੇ ਅਨੁਭਵਾਂ ਵਜੋਂ ਮੌਕੇ ਦਿੱਤੇ ਜਾਣਗੇ।



## ਬੱਚਿਆਂ ਵਾਸਤੇ ਪ੍ਰੋਗਰਾਮ

ਗੁਣਵੱਤਾ ਭਰਪੂਰ ਅਭਿਆਸ ਉਸ ਸਮੇਂ ਵਾਪਰਦਾ ਹੈ ਜਦ ਸਿੱਖਿਅਕ ਲਚਕਦਾਰ ਯੋਜਨਾਵਾਂ ਬਣਾਉਂਦੇ ਹਨ, ਅਤੇ ਹਰ ਬੱਚੇ ਦੀਆਂ ਖੁਦ ਦੀਆਂ ਰੁਚੀਆਂ ਅਤੇ ਯੋਗਤਾਵਾਂ ਬਾਰੇ ਉਹਨਾਂ ਕੋਲ ਮੌਜੂਦ ਗਿਆਨ ਦੀ ਵਰਤੋਂ ਕਰਦੇ ਹੋਏ ਛੋਟੇ ਬਾਲਾਂ ਦੇ ਅਨੁਭਵਾਂ ਵਾਸਤੇ ਤਿਆਰੀ ਕਰਦੇ ਹਨ। ਗੁਣਵੱਤਾ ਭਰਪੂਰ ਸੇਵਾਵਾਂ ਵਿੱਚ ਸਿੱਖਿਅਕ ਨਿਰੰਤਰ ਇਸ ਚੀਜ਼ ’ਤੇ ਝਾਤ ਪਾਉਂਦੇ ਅਤੇ ਸੋਚਦੇ ਰਹਿੰਦੇ ਹਨ, ਕਿ ਛੋਟੇ ਬਾਲਾਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਅਨੁਭਵ ਕਿੰਨ੍ਹਾ ਕੁ ਲਾਭਦਾਇਕ ਅਤੇ ਮਜ਼ੇਦਾਰ ਹੈ, ਅਤੇ ਕਿਹੜੇ ਸੁਧਾਰ ਕੀਤੇ ਜਾ ਸਕਦੇ ਹਨ।

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ:

- ਬੱਚਿਆਂ ਦੇ ਪ੍ਰੋਗਰਾਮਾਂ ਦੇ ਹਰ ਪੱਖ ਦਾ ਮੁਲਾਂਕਣ ਕਰਨ ਲਈ ਸੇਵਾ ਕੋਲ ਵੱਖ-ਵੱਖ ਢਾਂਚਾਗਤ ਅਤੇ ਨਾਲ ਹੀ ਗੈਰ-ਰਸਮੀ ਤਰੀਕੇ ਹੁੰਦੇ ਹਨ ਜਿੰਨ੍ਹਾਂ ਦਾ ਟੀਚਾ ਸੁਧਾਰ ਕਰਨਾ ਹੁੰਦਾ ਹੈ।
- ਰੋਜ਼ਾਨਾ ਕਾਰਜ-ਸੂਚੀ ਲਚਕਦਾਰ ਅਤੇ ਵਿਅਕਤੀਗਤ-ਬਣਾਈ ਹੁੰਦੀ ਹੈ, ਇਸ ਵਿੱਚ ਹਰ ਬਾਲ ਦੀਆਂ ਵਿਲੱਖਣ ਲੋੜਾਂ ਅਤੇ ਨਿੱਤਨੇਮਾਂ ਦੀ ਪੂਰਤੀ ਕਰਨ ਦੀ ਮਹੱਤਤਾ ਨੂੰ ਗਿਣਤੀ-ਮਿਣਤੀ ਵਿੱਚ ਲਿਆ ਜਾਂਦਾ ਹੈ।

## ਵਾਤਾਵਰਨ

ਭੌਤਿਕ ਵਾਤਾਵਰਨ ਤੁਹਾਡੇ ਛੋਟੇ ਬਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਤੇ ਸਿੱਖਿਆ ਅਤੇ ਵਿਕਾਸ ਨੂੰ ਉਤਸ਼ਾਹਤ ਕਰਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦਾ ਹੈ।

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ:

- ਵਾਤਾਵਰਨ ਸਥਿਰ ਅਤੇ ਜਾਣਿਆ-ਪਛਾਣਿਆ, ਦਿਲਚਸਪ ਅਤੇ ਭਰਪੂਰ ਹੈ, ਜਿੱਥੇ ਦੇਖਣ, ਛੂਹਣ ਅਤੇ ਸੁਣਨ ਵਾਸਤੇ ਚੀਜ਼ਾਂ ਮੌਜੂਦ ਹਨ। ਉਦਾਹਰਨ ਲਈ, ਮਾਸਪੇਸ਼ੀ ਦੇ ਵਿਕਾਸ ਵਾਸਤੇ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਜਿਵੇਂ ਕਿ ਧੱਕਣ ਅਤੇ ਖਿੱਚਣ ਲਈ ਚੀਜ਼ਾਂ, ਗੇਂਦਾਂ, ਵੱਡੇ ਖੋਖਲੇ ਬਲੌਕ, ਅਤੇ ਉੱਪਰ ਪਹੁੰਚਣ, ਪਕੜਨ ਜਾਂ ਕਿੱਕ ਮਾਰਨ ਲਈ ਲਟਕਦੀਆਂ ਚੀਜ਼ਾਂ, ਅਤੇ ਰੀਂਗਣ ਲਈ ਵੱਖ-ਵੱਖ ਕਿਸਮ ਦੀਆਂ ਸਤਹਾਂ ਹੋਣੀਆਂ ਚਾਹੀਦੀਆਂ ਹਨ, ਜਿਵੇਂ ਕਿ ਘਾਹ, ਲੱਕੜ, ਪੱਥਰ ਲੱਗੀ ਪਗਡੰਡੀ, ਰਬੜ, ਨਾੜ ਤੋਂ ਬਣੇ ਮੈਟ।



- ਸ਼ੋਰ ਅਤੇ ਕਿਰਿਆ ਦੇ ਪੱਧਰ ਪ੍ਰਬੰਧਨਯੋਗ ਹਨ। ਇਸਦਾ ਮਤਲਬ ਇਹ ਹੈ ਕਿ ਕਮਰੇ ਬਹੁਤ ਰੁਝੇਵੇਂ ਭਰੇ ਜਾਂ ਏਨੇ ਸ਼ੋਰ-ਸ਼ਰਾਬੇ ਵਾਲੇ ਨਹੀਂ ਹਨ ਕਿ ਛੋਟੇ ਬਾਲ ਤਣਾਅਗ੍ਰਸਤ ਹੋ ਜਾਣ ਅਤੇ ਹੱਦੋਂ ਵੱਧ ਉਤੇਜਿਤ ਹੋ ਜਾਣ।

## ਸਿਹਤ ਅਤੇ ਸੁਰੱਖਿਆ

ਬੱਚਿਆਂ ਦੀ ਸਿਹਤ ਬਰਕਰਾਰ ਰੱਖਣਾ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣਾ ਕਿਸੇ ਵੀ ਬਾਲ ਸੰਭਾਲ ਸੇਵਾ ਦੀ ਸਭ ਤੋਂ ਵੱਧ ਬੁਨਿਆਦੀ ਜ਼ਿੰਮੇਵਾਰੀ ਹੈ। ਪਰਿਵਾਰਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਨਾਲ ਕੰਮ ਕਰਦੇ ਹੋਏ, ਬਾਲ ਸੰਭਾਲ ਸੇਵਾਵਾਂ ਕੋਲ ਅਸਰਦਾਰ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਕਿਸੇ ਛੋਟੇ ਬਾਲ ਅਤੇ ਬੱਚੇ ਦੀ ਸਿਹਤ ਦੇ ਸਾਰੇ ਪੱਖਾਂ ਵਿੱਚ ਸਹਾਇਤਾ ਕੀਤੀ ਜਾ ਸਕੇ।

ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਵਿੱਚ:

- ਇਮਾਰਤਾਂ, ਫਰਨੀਚਰ ਅਤੇ ਸਾਜ਼ੋ-ਸਮਾਨ ਸੁਰੱਖਿਅਤ, ਸਾਫ਼ ਅਤੇ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰਕੇ ਰੱਖੇ ਹੋਏ ਹਨ
- ਸੇਵਾਵਾਂ ਨੇ ਹੱਥ ਧੋਣ, ਖਿਡੌਣੇ ਸਾਫ਼ ਕਰਨ ਅਤੇ ਸਤਹਾਂ ਨੂੰ ਕੀਟਾਣੂੰਮੁਕਤ ਕਰਨ ਅਤੇ ਛੂਤਕਾਰੀ ਬਿਮਾਰੀਆਂ ਦੇ ਫੈਲਾਅ ਨੂੰ ਕੰਟਰੋਲ ਕਰਨ ਲਈ ਅਸਰਦਾਰ ਸਾਫ਼-ਸਫ਼ਾਈ ਰਵਾਇਤਾਂ ਸਥਾਪਤ ਕੀਤੀਆਂ ਹਨ
- ਛੋਟੇ ਬਾਲਾਂ ਦੇ ਪਲਟੀ ਮਾਰਨ, ਬੈਠਣ, ਰੀਂਗਣ ਅਤੇ ਖੜ੍ਹੇ ਹੋਣ ਦਾ ਅਭਿਆਸ ਕਰਨ ਲਈ ਸੁਰੱਖਿਅਤ ਅੰਦਰੂਨੀ ਅਤੇ ਬਾਹਰੀ ਖੇਤਰ ਹਨ
- ਖੇਡਣ ਦੇ ਖੇਤਰਾਂ (play pens), ਉੱਚੀਆਂ ਕੁਰਸੀਆਂ ਅਤੇ ਸਟ੍ਰੌਲਰਾਂ ਵਿੱਚ ਬਿਤਾਇਆ ਜਾਂਦਾ ਸਮਾਂ ਘੱਟ ਤੋਂ ਘੱਟ ਹੈ ਅਤੇ ਛੋਟੇ ਬਾਲ ਆਪਣੇ ਵਾਤਾਵਰਨ ਦੀ ਪੜਚੋਲ ਕਰਨ ਦੇ ਯੋਗ ਹਨ
- ਸੌਂ ਰਹੇ ਬਾਲਾਂ ਦੀ ਨੇੜਿਓਂ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਬਾਲ ਸਾਰੇ ਸਮਿਆਂ ’ਤੇ ਸਿੱਖਿਅਕਾਂ ਦੀ ਨਜ਼ਰ ਅਤੇ/ਜਾਂ ਸੁਣਨ-ਸ਼ਕਤੀ ਦੇ ਦਾਇਰੇ ਅੰਦਰ ਰਹਿੰਦੇ ਹਨ
- ਆਪਣੇ ਬਾਲ ਨੂੰ ਮਾਂ ਦਾ ਦੁੱਧ ਪਿਲਾਉਣ ਵਿੱਚ ਪਰਿਵਾਰਾਂ ਦੀ ਸਹਾਇਤਾ ਕੀਤੀ ਜਾਂਦੀ ਹੈ, ਅਤੇ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਨੂੰ ਸੁਰੱਖਿਅਤ, ਸਾਫ਼ ਅਤੇ ਸ਼ਾਂਤ ਸਥਾਨ ਪ੍ਰਦਾਨ ਕੀਤੇ ਜਾ ਸਕਦੇ ਹਨ।

## ਛੋਟੇ ਬਾਲਾਂ ਵਾਸਤੇ ਗੁਣਵੱਤਾ ਭਰਪੂਰ ਸੰਭਾਲ ਦੀ ਚੋਣ ਕਰਨਾ

ਇਹ ਅਹਿਮ ਹੈ ਕਿ ਤੁਸੀਂ ਆਪਣੇ ਬਾਲ ਲਈ ਚੁਣੀ ਗਈ ਬਾਲ ਸੰਭਾਲ ਨਾਲ ਸਹਿਜ ਮਹਿਸੂਸ ਕਰਦੇ ਹੋ। ਕਿਸੇ ਸੇਵਾ ਦੀ ਚੋਣ ਕਰਦੇ ਸਮੇਂ, ਆਪਣੇ ਸਹਿਜ-ਗਿਆਨ 'ਤੇ ਵਿਸ਼ਵਾਸ ਕਰੋ, ਅਤੇ ਜਿਹੜੀ ਚੀਜ਼ ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਮਾਅਨੇ ਰੱਖਦੀ ਹੈ, ਉਸ ਬਾਰੇ ਸਵਾਲ ਪੁੱਛਣ ਤੋਂ ਨਾ ਡਰੋ।

ਕੁਝ ਸਵਾਲ ਜੋ ਤੁਹਾਨੂੰ ਲਾਭਦਾਇਕ ਲੱਗ ਸਕਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਜੇ ਮੇਰਾ ਬਾਲ ਪਰੇਸ਼ਾਨ ਹੋ ਜਾਂਦਾ ਹੈ, ਜਾਂ ਸੰਭਾਲ ਦੀ ਸ਼ੁਰੂਆਤ ਕਰਨ ਮੌਕੇ ਉਸ ਨੂੰ ਮੇਰੇ ਤੋਂ ਜੁਦਾ ਹੋਣ ਵਿੱਚ ਮੁਸ਼ਕਿਲ ਆਉਂਦੀ ਹੈ, ਤਾਂ ਸਿੱਖਿਅਕ ਮੇਰੇ ਬੱਚੇ ਨੂੰ ਢਾਰਸ ਕਿਵੇਂ ਦੇਣਗੇ?
- ਮੇਰੇ ਬਾਲ ਵਾਸਤੇ ਕੱਛੀਆਂ (nappies) ਪ੍ਰਦਾਨ ਕਰਾਉਣ ਲਈ ਕੌਣ ਜ਼ਿੰਮੇਵਾਰ ਹੈ? ਕੀ ਕੱਪੜੇ ਦੀਆਂ ਜਾਂ ਵਰਤਕੇ ਸੁੱਟਣਯੋਗ ਕੱਛੀਆਂ ਦੀ ਵਰਤੋਂ ਕੀਤੀ ਜਾਂਦੀ ਹੈ?
- ਕਿਹੜਾ/ੜੇ ਬਾਲ ਸੰਭਾਲ ਸਿੱਖਿਅਕ ਮੇਰੇ ਬਾਲ ਦੇ ਮੁੱਖ ਸੰਭਾਲ ਕਰਤਾ ਹੋਵੇਗਾ/ਹੋਣਗੇ?
- ਕੀ ਵਾਪਰਦਾ ਹੈ ਜੇ ਮੇਰੇ ਬਾਲ ਨੂੰ ਬੋਤਲ ਨਾਲ ਜਾਂ ਮਾਂ ਦਾ ਦੁੱਧ ਪਿਲਾਇਆ ਜਾਂਦਾ ਹੈ?
- ਜਦ ਮੇਰਾ ਬੱਚਾ ਸੇਵਾ ਵਿਖੇ ਹੋਵੇਗਾ ਤਾਂ ਉਸ ਸਮੇਂ ਬਾਲ ਸੰਭਾਲ ਸੇਵਾ ਮੇਰੇ ਬੱਚੇ ਦੇ ਘਰ ਵਾਲੇ ਨਿੱਤਨੇਮ ਨੂੰ ਕਿਵੇਂ ਲਾਗੂ ਕਰੇਗੀ?
- ਕੀ ਮੇਰਾ ਬੱਚਾ ਕਿਸੇ ਢਾਰਸ ਦੇਣ ਵਾਲੀ ਚੀਜ਼ (comforte) ਦੀ ਵਰਤੋਂ ਕਰਨ ਦੇ ਯੋਗ ਹੋਵੇਗਾ ਜਿਵੇਂ ਕਿ ਪੁਤਲਾ, ਕੰਬਲ ਜਾਂ ਵਿਸ਼ੇਸ਼ ਖਿਡੌਣਾ?
- ਬਾਲ ਸੰਭਾਲ ਵਿੱਚ ਮੇਰੇ ਬਾਲ ਦੇ ਵਿਕਾਸ ਨੂੰ ਕਿਵੇਂ ਟੁੰਬਿਆ ਜਾਵੇਗਾ?

ਤੁਹਾਡੇ ਨੇੜੇ ਕਿਸੇ ਗੁਣਵੱਤਾ ਭਰਪੂਰ ਸੇਵਾ ਨੂੰ ਲੱਭਣ ਲਈ ਸਾਡੇ ਬਾਲ ਸੰਭਾਲ ਲੱਭੋ ਸੈਕਸ਼ਨ ਵਿਖੇ ਜਾਓ।

